ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ
(Established by Act No.19 of 2019 of Legislature of the State of Punjab)

Ref.No/PSOU/COE/.83

Dated: 20/07/2022

ਪ੍ਰੀਖਿਆ ਕੇਂਦਰ,
ਸਮੂਹ ਸਰਕਾਰੀ ਅਤੇ ਏਡਿਡ ਕਾਲਜ,
ਪੰਜਾਬ।

**ਵਿਸ਼ਾ:-** **ਅਗਸਤ 2022 ਦੀਆਂ ਪ੍ਰੀਖਿਆਵਾਂ ਲਈ ਵਿਦਿਆਰਥੀਆਂ ਦਾ ਡਾਟਾ ਵੈਰੀਫਿਕੇਸ਼ਨ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਫਤਰ ਦੇ ਪੱਤਰ ਨੰਬਰ PSOU/CEO/69 ਮਿਤੀ 28.06.2022 ਰਾਹੀਂ ਆਪ ਜੀ ਨੂੰ ਸੂਚਿਤ ਕੀਤਾ ਗਿਆ ਸੀ ਕਿ ਯੂਨੀਵਰਸਿਟੀ ਦੀਆਂ ਅਗਸਤ 2022 ਦੀਆਂ ਪ੍ਰੀਖਿਆਵਾਂ ਲਈ ਕਾਲਜਾਂ ਨੂੰ ਵਿਦਿਆਰਥੀਆਂ ਦੀ ਲਿਸਟ ਵੈਰੀਫਾਈ ਕਰਨ ਲਈ ਭੇਜੀ ਗਈ ਸੀ। ਜਿਸ ਦੀ ਆਖਰੀ ਮਿਤੀ 30.06.2022 ਨਿਯਤ ਕੀਤੀ ਗਈ ਸੀ ਪ੍ਰੰਤੂ ਧਿਆਨ ਵਿੱਚ ਆਇਆ ਹੈ ਕਿ ਹੁਣ ਤੱਕ ਵੀ ਕੁੱਝ ਕਾਲਜਾਂ ਵਲੋਂ ਵਿਦਿਆਰਥੀਆਂ ਦਾ ਡਾਟਾ ਵੈਰੀਫਾਈ ਨਹੀਂ ਕੀਤਾ ਗਿਆ ਹੈ। ਇਸ ਲਈ ਇਸ ਪੱਤਰ ਰਾਹੀਂ ਸਮੂਹ ਕਾਲਜਾਂ ਨੂੰ ਦੁਬਾਰਾ ਸੂਚਿਤ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਕਾਲਜਾਂ ਵਲੋਂ ਆਪਣੇ ਵਿਦਿਆਰਥੀਆਂ ਦਾ ਡਾਟਾ ਹੁਣ ਤੱਕ ਵੈਰੀਫਿਕੇਸ਼ਨ ਨਹੀਂ ਕੀਤਾ ਗਿਆ, ਸਬੰਧਤ ਕਾਲਜ **ਮਿਤੀ 21.07.2022 (ਵੀਰਵਾਰ)** ਤੱਕ Exam Portal **(https://exam.psou.ac.in/CollegeStudent)** ਤੇ ਇਹ ਡਾਟਾ ਅਪਡੇਟ ਕਰਨਾ ਯਕੀਨੀ ਬਣਾਉਣਗੇ। ਜੇਕਰ ਨਿਯਤ ਮਿਤੀ ਤੋਂ ਬਾਅਦ ਕਿਸੇ ਵੀ ਕਾਲਜ ਦੇ ਵਿਦਿਆਰਥੀਆਂ ਦਾ ਡਾਟਾ ਵੈਰੀਫਾਈ ਨਹੀਂ ਕੀਤਾ ਗਿਆ ਤਾਂ ਇਸ ਦੀ ਜਿੰਮੇਵਾਰੀ ਸਬੰਧਤ ਕਾਲਜ ਦੀ ਹੋਵੇਗੀ।

ਇਸ ਤੋਂ ਇਲਾਵਾ ਜਿਨ੍ਹਾਂ ਵਿਦਿਆਰਥੀਆਂ ਨੇ ਹੁਣ ਤੱਕ Student Login ਕਰਕੇ ਆਪਣੀ Profile ਨੂੰ ਅਪਡੇਟ ਨਹੀਂ ਕੀਤਾ, ਉਨ੍ਹਾਂ ਵਿਦਿਆਰਥੀਆਂ ਦੀ ਸਬੰਧਤ ਕਾਲਜ ਵਲੋਂ ਅਪਡੇਸ਼ਨ ਕਰਵਾਉਣੀ ਜਰੂਰੀ ਹੈ ਕਿਉਂਕਿ ਅਗਸਤ 2022 ਦੀਆਂ ਪ੍ਰੀਖਿਆਵਾਂ ਲਈ ਵਿਦਿਆਰਥੀਆਂ ਦਾ ਰੋਲ ਨੰਬਰ ਉਨ੍ਹਾਂ ਦੇ ਰਜਿਸਟ੍ਰੇਸ਼ਨ Login ਵਿੱਚ ਹੀ ਭੇਜਿਆ ਜਾਵੇਗਾ। ਇਸ ਲਈ ਇਸ ਨੂੰ ਅਤਿ ਜਰੂਰੀ ਸਮਝਦੇ ਹੋਏ ਇਸ ਸਬੰਧੀ ਕਾਰਵਾਈ ਕੀਤੀ ਜਾਵੇ।

20/07/2022

ਕੰਟਰੋਲਰ ਪ੍ਰੀਖਿਆਵਾਂ
Controller of Examinations
Jagat Guru Nanak Dev
Punjab State Open University
Patiala

**ਕਾਪੀ: (ਕਾਰਵਾਈ ਹਿੱਤ)**
ਪ੍ਰੋਗਰਾਮਰ (ਜ.) - ਕਾਲਜਾਂ ਨੂੰ ਈ-ਮੇਲ ਅਤੇ whatsapp ਕਰਨ ਸਬੰਧੀ।

28-C, Lower Mall, Patiala-147001
Website: www.psou.ac.in,
Exam Branch (Helpline): 0175-5082367 (Landline), Email ID : coepsou@psou.ac.in.